6 ਨਵੰਬਰ, 2018

## ਸਟਾਰਟਅਪ ਵੀਕੈਂਡ ਕਾਰਜਕਰਮ ਨੇ ਬ੍ਰੈਂਪਟਨ ਵਿੱਚ ਕਈ ਸੰਭਾਵੀ ਨਵੇਂ ਕਾਰੋਬਾਰੀਆਂ ਨੂੰ ਪ੍ਰੇਰਿਤ ਕੀਤਾ

ਬ੍ਰੈਂਪਟਨ, ਓਨਟੈਰੀਓ – ਇਸ ਬੀਤੇ ਵੀਕੈਂਡ ਦੇ ਰੋਮਾਂਚਕ ਅਤੇ ਤੀਬਰ 54 ਘੰਟਿਆਂ ਵਿੱਚ, ਅੱਠ ਕਾਰੋਬਾਰੀਆਂ ਨੇ ਬ੍ਰੈਂਪਟਨ ਸਿਟੀ ਹਾਲ (Brampton City Hall) ਵਿਖੇ ਧਾਰਨਾ ਤੋਂ ਸੰਭਾਵੀ ਵਪਾਰੀਕਰਣ ਨੂੰ ਅਪਨਾਇਆ।

ਸਿਟੀ ਆਫ ਬ੍ਰੈਂਪਟਨ (City of Brampton) ਅਤੇ (Brampton Entrepreneur Centre) ਨੇ, ਸਟਾਰਟਅਪ ਪੀਲ (Startup Peel) ਦੇ ਨਾਲ ਮਿਲ ਕੇ, 2-4 ਨਵੰਬਰ ਨੂੰ ਪੀਲ ਰੀਜਨ ਇੰਟਰਨੈਟ ਆਫ ਥਿੰਗਸ (ਆਈ.ਓ.ਟੀ.) ਟੈਕਸਟਾਰਸ ਗਲੋਬਲ ਸਟਾਰਟਅਪ ਵੀਕੈਂਡ (Peel Region Internet of Things (IoT) Techstars Global Startup Weekend) 2018 ਦਾ ਆਯੋਜਨ ਕੀਤਾ, ਜਿੱਥੇ 100 ਤੋਂ ਵੱਧ ਡਿਜ਼ਾਈਨਰ, ਵਿਕਾਸਕਾਰ, ਵਿਕਰੇਤਾ (ਮਾਰਕੀਟਰਸ) ਅਤੇ ਉਦਯੋਗਪਤੀ - ਵਿਚਾਰ ਸਾਂਝੇ ਕਰਨ, ਟੀਮਾਂ ਬਣਾਉਣ ਅਤੇ ਨਵੀਆਂ ਤਕਨੀਕੀ ਕੰਪਨੀਆਂ ਬਣਾਉਣ ਲਈ ਇਕੱਠੇ ਹੋਏ – ਜਿਹਨਾਂ ਵਿੱਚ ਅੱਧੇ ਤੋਂ ਵੱਧ ਬ੍ਰੈਂਪਟਨ ਤੋਂ ਸਨ।

ਪੀਲ ਰੀਜਨ ਤੋਂ ਚੌਵੀ ਨਵੀਨਤਾਕਾਰੀ ਵਿਅਕਤੀਆਂ ਨੇ ਜੱਜਾਂ ਦੇ ਪੈਨਲ ਦੇ ਸਾਹਮਣੇ ਕਾਰੋਬਾਰ ਸਬੰਧੀ ਆਪਣੀਆਂ ਯੋਜਨਾਵਾਂ ਸਾਂਝਾ ਕਰਕੇ ਵੀਕੈਂਡ ਦੀ ਸ਼ੁਰੂਆਤ ਕੀਤੀ। ਉਹਨਾਂ ਵਿੱਚੋਂ ਅੱਠ ਯੋਜਨਾਵਾਂ ਦੀ ਚੋਣ ਕੀਤੀ ਗਈ, ਅਤੇ ਭਾਗੀਦਾਰਾਂ, ਕੋਚਾਂ ਅਤੇ ਸਿੱਖਿਅਕਾਂ ਨੇ ਅਰੰਭਿਕ ਕਾਰੋਬਾਰੀ ਯੋਜਨਾਵਾਂ ਨੂੰ ਨਿਊਨਤਮ ਵਿਵਹਾਰਕ ਉਤਪਾਦਾਂ (ਐਮ.ਵੀ.ਪੀ.) ਅਤੇ ਸੇਵਾਵਾਂ ਵਿੱਚ ਬਦਲਣ ਦੇ ਉਦੇਸ਼ ਨਾਲ, ਵੀਕੈਂਡ ਵਿੱਚ ਇੱਕ-ਦੂਜੇ ਨੂੰ ਸਹਿਯੋਗ ਦਿੱਤਾ।

ਵੀਕੈਂਡ ਦੀ ਮੁੱਖ ਵਿਸ਼ੇਸ਼ਤਾ ਉਦੋਂ ਉਜਾਗਰ ਹੋਈ, ਜਦੋਂ ਪ੍ਰਸਿੱਧ ਉਦਯੋਗਪਤੀ, ਔਫਸੈਟ ਮਾਰਕੀਟ ਐਕਸਚੇਂਜ (ਓ.ਐਮ.ਐਕਸ) ਦੀ ਸੰਸਥਾਪਕ ਅਤੇ ਸੀ.ਬੀ.ਸੀ. (CBC) ਦੀ *ਨੈਕਸਟ ਜੈਨ ਡੈਨ (Next Gen Den)* ਦੀ ਨਵੀਂ "ਡ੍ਰੈਗਨ" ("Dragon") ਨਿਕੋਲ ਵਰਕਾਈਂਡ (Nicole Verkindt) ਨੇ ਵਿਕਰੀ ਵਾਰਤਾ ਦੀ ਰਾਤ (Pitch night) ਨੂੰ ਨਵੀਨਤਾ ਦੇ ਮਹੱਤਵ ਬਾਰੇ ਗੱਲ ਕੀਤੀ। ਵੀਕੈਂਡ ਨੂੰ ਤਿਆਰ ਕੀਤੀਆਂ ਕਾਰੋਬਾਰ ਸਬੰਧੀ ਯੋਜਨਾਵਾਂ 'ਤੇ ਫ਼ੈਸਲਾ ਕਰਨ ਲਈ ਵਰਕਾਈਂਡ ਦੇ ਨਾਲ, ਵਿੱਤੀ ਸੇਵਾਵਾਂ ਦੀ ਐਗਜੀਕਿਊਟਿਵ ਅਤੇ ਸਟਾਰਟਅਪਸ ਦੀ ਸਲਾਹਕਾਰ ਪ੍ਰੀਤੀ ਮਲਿਕ (Preeti Malik), ਸੰਸਥਾਪਕ ਅਤੇ ਕੈਟਾਲਿਸਟ ਬ੍ਰਿਅਨ ਲੀ (Bryan Li) ਅਤੇ ਪਰਪਜ਼ਫੁਲ ਸੈਲਿੰਗ (Purposeful Selling) ਦੇ ਸੰਸਥਾਪਕ ਜੀਨ ਨਿਕਰਸਨ (Jean Nickerson) ਸ਼ਾਮਲ ਹੋਏ ਸਨ।

ਐਤਵਾਰ ਰਾਤ ਨੂੰ, ਤਿੰਨ ਜੇਤੂ ਪਿਚਾਂ ਦੀ ਚੋਣ ਕੀਤੀ ਗਈ ਸੀ। ਜੇਤੂਆਂ ਨੂੰ ਕਾਰੋਬਾਰ ਸ਼ੁਰੂ ਕਰਨ ਲਈ, ਸਮਾਨ ਦੇ ਪੈਕੇਜਾਂ, ਪ੍ਰਿੰਟ ਸੇਵਾਵਾਂ, ਕਾਰੋਬਾਰੀ ਕੋਚਿੰਗ, ਮੈਂਬਰਸ਼ਿਪਸ ਅਤੇ ਗਿਫਟ ਕਾਰਡ ਮੁਹੱਈਆ ਕਰਨ ਲਈ ਕੁੱਲ $10,000 ਦਾ ਨਕਦ ਇਨਾਮ ਮਿਲਿਆ।

**ਪਹਿਲਾ (ਫਸਟ ਪਲੇਸ): ਬੀਪ**
ਕਈ ਬ੍ਰੈਂਪਟਨ ਨਿਵਾਸੀ ਜੇਤੂ ਟੀਮ ਦਾ ਹਿੱਸਾ ਸਨ, ਜਿਸਨੇ ਇੱਕ ਪੂਰੀ ਤਰ੍ਹਾਂ ਸੰਚਾਲਨ ਵਾਲੇ ਸਮਾਰਟ ਅਲਾਰਮ ਘੜੀ ਦੇ ਮੂਲ ਰੂਪ (ਪ੍ਰੋਟੋਟਾਈਪ) ਦਾ ਨਿਰਮਾਣ ਕੀਤਾ, ਜੋ ਆਈ.ਓ.ਟੀ. ਤਕਨੀਕ ਦਾ ਇਸਤੇਮਾਲ ਕਰਦੀ ਹੈ। ਇਸਦਾ ਮੰਤਵ ਕੀ ਹੈ? ਇਹ ਯਕੀਨੀ ਬਣਾਉਂਦੇ ਹੋਏ ਕਿ ਤੁਸੀਂ ਸਮੇਂ ਸਿਰ, ਪਹਿਲੀ ਵਾਰ ਅਤੇ ਹਰ ਵਾਰ ਇਸਦੇ ਵੱਜਣ 'ਤੇ ਜਾਗ ਜਾਓ, ਸੁੱਤੇ ਹੋਇਆਂ ਨੂੰ ਜਗਾਉਣਾ ਅਤੇ ਬਿਸਤਰੇ ਤੋਂ ਬਾਹਰ ਲਿਆਉਣਾ।

ਟੀਮ ਵਿੱਚ ਸ਼ਾਮਲ ਸਨ, ਪਰਮਵੀਰ ਬੋਲਾ (Parmveer Bola), ਪ੍ਰਿਆਦਰਸ਼ਿਨੀ ਸਾਹਾ (Priyadarshini Saha), ਜੈਕਲੀਨ ਟ੍ਰਉਂਗ (Jacqueline Truong), ਮੁਕੀਥ ਖਾਨ (Muqeeth Khan) ਅਤੇ ਰੋਮ ਰੈਮੋਸ (Rome Ramos)। ਮਜ਼ੇਦਾਰ ਤੱਥ: ਇਹਨਾਂ ਪੰਜ ਟੀਮ ਮੈਂਬਰਾਂ ਵਿੱਚੋਂ ਦੋ ਦੀ ਉਮਰ 14 ਸਾਲ ਤੋਂ ਘੱਟ ਹੈ।

**ਦੂਜਾ (ਸੈਕੰਡ ਪਲੇਸ): ਯੂ-ਟਰੈਕ**
ਆਨ-ਡਿਮਾਂਡ ਸੇਵਾਵਾਂ ਦੀ ਮਸ਼ਹੂਰੀ 'ਤੇ ਅਧਾਰਿਤ, ਯੂ-ਟਰੈਕ (Ü-track) ਇੱਕ ਐਪਲੀਕੇਸ਼ਨ ਹੈ, ਜੋ ਟ੍ਰਾਂਜ਼ਿਟ ਵਰਤੋਂਕਾਰਾਂ ਨੂੰ ਰੀਅਲ-ਟਾਈਮ ਵਿੱਚ ਟ੍ਰਾਂਜ਼ਿਟ ਨੂੰ ਟਰੈਕ ਕਰਨ ਅਤੇ ਸੂਚਿਤ ਕਰਨ ਦੀ ਸ਼ਕਤੀ ਦਿੰਦਾ ਹੈ। ਇਸ ਵਿੱਚ ਸ਼ਾਮਲ ਹੈ, ਥਾਂ-ਟਿਕਾਣਾ ਅਤੇ ਵਿਸ਼ੇਸ਼ ਬੱਸਾਂ ਦੀ ਸਮਰੱਥਾ। ਐਪ ਦਾ ਉਦੇਸ਼ ਟ੍ਰਾਂਜ਼ਿਟ ਵਰਤੋਂਕਾਰਾਂ ਨੂੰ ਆਪਣੀ ਯਾਤਰਾ ਬਾਰੇ ਵੱਧ ਸੂਚਿਤ ਫ਼ੈਸਲੇ ਲੈਣ ਵਿੱਚ ਸਮਰੱਥ ਬਣਾਉਣਾ ਹੈ।

ਸਮੂਹ ਵਿੱਚ ਸ਼ਾਮਲ ਸਨ, ਅਭੈ ਰੰਧਾਵਾ (Abhay Randhawa), ਆਰਾਇਆ ਆਦ (Aaraya Aad), ਐਡਮੰਡ ਲੈਮ (Edmond Lam), ਜੈਕਬ ਮੇਕਸਾਵਨ੍ਹ (Jacob Meksavanh) ਅਤੇ ਨਾਥਨ ਕੌਲਸ (Nathan Coulas)

**ਤੀਜਾ (ਥਰਡ ਪਲੇਸ): ਐਸਟੂਏਆਰ (StoAR)**
ਵਰਚੁਅਲ ਅਤੇ ਵਧੀਕ ਹਕੀਕਤ ਦੀ ਪ੍ਰਸਿੱਧੀ ਤੇ ਅਧਾਰਿਤ, ਐਸਟੂਏਆਰ (StoAR) ਇੱਕ ਸਧਾਰਨ ਸਾਧਨ ਹੈ ਜੋ ਛੋਟੇ ਅਤੇ ਦਰਮਿਆਨੇ ਉਤਪਾਦਾਂ ਨੂੰ ਵਧੀਕ ਅਸਲੀਅਤ ਪਲੇਟਫਾਰਮ ਦੁਆਰਾ ਪ੍ਰਦਰਸ਼ਤ ਕਰਦਾ ਹੈ। ਇੱਕ ਨਿੱਜੀ ਖਰੀਦਦਾਰ ਵਾਂਗ ਐਸਟੂਏਆਰ ਬਾਰੇ ਸੋਚੋ – ਐਪ ਖਰੀਦਦਾਰਾਂ ਨੂੰ, ਰਿਟੇਲ ਸਟੋਰ ਦੀਆਂ ਸ਼ੈਲਫਾਂ ਜਾਂ ਰੈਸਟੋਰੈਂਟ ਮੀਨੂ ਨੂੰ ਅਸਲ ਬਰਾਊਜ਼ਿੰਗ ਕਰਦੇ ਹੋਏ, ਉਹਨਾਂ ਉਤਪਾਦਾਂ ਬਾਰੇ ਜਾਣਕਾਰੀ ਮੁਹੱਈਆ ਕਰਨ ਲਈ ਵਧੀ ਹੋਈ ਅਸਲੀ ਹੋਂਦ ਵਰਤਦਾ ਹੈ, ਜਿਹਨਾਂ ਨੂੰ ਉਹ ਖਰੀਦਣਾ ਚਾਹ ਸਕਦੇ ਹਨ।

ਟੀਮਾਂ ਮੈਂਬਰਾਂ ਵਿੱਚ ਸ਼ਾਮਲ ਸਨ, ਮਾਰਟਿਨਾ ਸਿਮੋਨਡਸ (Martina Simmonds), ਪਰਮ ਠੱਕਰ (Param Thakkar), ਕ੍ਰਿਸ ਉਜਿਮੋਟੋ (Chris Ujimoto), ਕਾਰਥਿਕ ਰਮੇਸ਼ਕੁਮਾਰ (Kaarthick Rameskumar), ਸ਼ੰਗੀਥਨ ਪ੍ਰਭਹਰਨ (Shangheethan Prabaharan) ਅਤੇ ਈਮਾਦ ਅਲੀ (Emad Ali)।

**ਹਵਾਲੇ**

"ਇਸ ਸਾਲ ਬ੍ਰੈਂਪਟਨ ਵਿੱਚ ਟੈਕਸਟਾਰਸ ਸਟਾਰਟਅਪ ਵੀਕੈਂਡ ਬਹੁਤ ਸਫਲ ਰਿਹਾ ਸੀ। ਕਈ ਉੱਦਮੀ ਆਪਣੇ ਕਾਰੋਬਾਰਾਂ ਨੂੰ ਅਗਲੇ ਪੱਧਰ ਤੱਕ ਲਿਜਾਣ ਲਈ, ਕੋਚਾਂ ਅਤੇ ਸਿੱਖਿਅਕਾਂ ਨਾਲ ਜੁੜਨ ਅਤੇ ਬ੍ਰੈਂਪਟਨ ਦੇ ਊਰਜਾਵਾਨ ਉੱਦਮੀ ਭਾਈਚਾਰੇ ਦਾ ਹਿੱਸਾ ਬਣਨ ਲਈ ਪ੍ਰੇਰਿਤ ਹੋਏ ਸਨ।"

- *ਕਾਊਂਸਲਰ ਜੈਫ ਬੋਮੈਨ (Jeff Bowman), ਇਕੋਨੋਮਿਕ ਡੈਵਲੈਪਮੈਂਟ ਚੇਅਰ*

"ਨਵੇਂ ਕਾਰੋਬਾਰ ਨੂੰ ਸਥਾਪਤ ਕਰਨ ਦਾ ਮੁਸ਼ਕਲ ਕੰਮ ਸ਼ੁਰੂਆਤ ਕਰਨਾ ਹੁੰਦਾ ਹੈ। ਟੈਕਸਟਾਰਸ ਸਟਾਰਟਅਪ ਵੀਕੈਂਡ ਭਾਗੀਦਾਰਾਂ ਨੂੰ ਸੁਰੱਖਿਅਤ ਥਾਂ, ਮੌਕਾ ਦੇਣ ਅਤੇ ਐਮ.ਵੀ.ਪੀ. ਬਾਰੇ ਅਨੁਮਾਨ ਲੈਣ ਲਈ ਇੰਡਰਸਟੀ ਦੇ ਆਗੂਆਂ ਤੋਂ ਮੈਂਟਰਸ਼ਿਪ ਮੁਹੱਈਆ ਕਰਦਾ ਹੈ। ਕਈ ਕੰਪਨੀਆਂ, ਜਿਹਨਾਂ ਦੀ ਅਸੀਂ ਹੁਣ ਵਰਤੋਂ ਕਰਦੇ ਹਾਂ, ਟੈਕਸਟਾਰਸ ਸਟਾਰਟਅਪ ਵੀਕੈਂਡ ਵਿੱਚ ਸਥਾਪਤ ਹੋਈਆਂ ਸਨ।"

- *ਮੇਲੋਨੀ ਕੈਂਪਬੈਲ (Melloney Campbell), ਕਮਿਊਨਿਟੀ ਲੀਡਰ, ਸਟਾਰਟਅਪ ਪੀਲ*

-30-

**ਟੈਕਸਟਾਰਸ ਸਟਾਰਟਅਪ ਵੀਕੈਂਡ ਬਾਰੇ**
ਟੈਕਸਟਾਰਸ ਸਟਾਰਟਅਪ ਵੀਕੈਂਡ 54-ਘੰਟਿਆਂ ਦਾ ਇੱਕ ਕਾਰਜਕਰਮ ਹੈ, ਜਿਸ ਵਿੱਚ ਸ਼ਾਮਲ ਹੋਣ ਵਾਲੇ ਸਿੱਖਦੇ ਹਨ ਕਿ ਵੀਕੈਂਡ ਵਿੱਚ ਇੱਕ ਕੰਪਨੀ ਦਾ ਨਿਰਮਾਣ ਕਿਵੇਂ ਕਰਨਾ ਹੈ। 2007 ਤੋਂ, ਟੈਕਸਟਾਰਸ ਸਟਾਰਟਅਪ ਵੀਕੈਂਡ ਨੇ 200,000 ਤੋਂ ਵੱਧ ਭੂਤਪੂਰਵ ਵਿਦਿਆਰਥੀਆਂ ਦੇ ਨਾਲ 150 ਤੋਂ ਵੱਧ ਦੇਸ਼ਾਂ ਵਿੱਚ ਥਾਂ ਹਾਸਲ ਕੀਤੀ ਹੈ।

ਭਾਗੀਦਾਰ ਆਪਣੇ ਉਤਪਾਦ ਜਾਂ ਕਾਰੋਬਾਰ ਸਬੰਧੀ ਯੋਜਨਾ ਨੂੰ ਅਗਲੇ ਪੱਧਰ ਤੱਕ ਲਿਜਾਂਦੇ ਹਨ ਅਤੇ ਉੱਦਮੀਆਂ ਦੇ ਇੱਕ ਵਿਸ਼ਾਲ ਵਿਸ਼ਵਵਿਆਪੀ ਨੈਟਵਰਕ ਵਿੱਚ ਸ਼ਾਮਲ ਹੁੰਦੇ ਹਨ।

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਕ੍ਰਿਸਟੀਨ ਸ਼ਰਮਾ (Christine Sharma)

ਮੀਡੀਆ ਰਿਲੇਸ਼ਨਸ

ਸਿਟੀ ਆਫ ਬ੍ਰੈਂਪਟਨ

905.874.2880 | christine.sharma@brampton.ca